# ਯੁਵਕ ਭਲਾਈ ਵਿਭਾਗ

**(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਨੰ.......................
ਮਿਤੀ..................

## ਖੇਤਰੀ ਯੁਵਕ ਮੇਲਿਆਂ ਦੌਰਾਨ ਲੋਕ-ਖੇਡਾਂ ਦੀਆਂ ਆਈਟਮਾਂ ਲਈ ਨਿਰਦੇਸ਼

- ਖੇਤਰੀ ਮੇਲਿਆਂ ਦੌਰਾਨ **ਪਿੱਠੂ, ਲੂਣ ਮਿਆਣੀ ਅਤੇ ਰੱਸਾ-ਕਸੀ ਆਈਟਮਾਂ** ਦੇ ਮੁਕਾਬਲੇ ਲਈ ਆਈਆਂ ਟੀਮਾਂ ਦੇ ਕੋਡ ਅਨੁਸਾਰ ਦੋ-ਦੋ ਪਰਚੀਆਂ ਚੁੱਕ ਕੇ ਜੁੱਟ ਬਣਾਏ ਜਾਣਗੇ।
- ਜੇਕਰ ਕੋਈ ਟੀਮ ਜੁੱਟਾਂ ਦੀ ਗਿਣਤੀ ਤੋਂ ਇਕੱਲੀ ਰਹਿ ਜਾਂਦੀ ਹੈ ਤਾਂ ਉਹ ਟੀਮ ਜੁੱਟਾਂ ਦੇ ਆਪਸੀ ਮੁਕਾਬਲੇ ਹੋਣ ਤੱਕ ਖੇਡਣ ਲਈ ਇੰਤਜਾਰ ਕਰੇਗੀ।
- ਬਣੇ ਹੋਏ ਜੁੱਟਾਂ ਦੀਆਂ ਦੋ-ਦੋ ਟੀਮਾਂ ਵਿਚ ਆਪਸੀ ਮੁਕਾਬਲਾ ਹੋਵੇਗਾ ਅਤੇ ਹਰ ਟੀਮ ਆਪਣੇ-ਆਪਣੇ ਅੰਕ ਪ੍ਰਾਪਤ ਕਰੇਗੀ।

***ਨੋਟ:*** *ਜੁੱਟ ਬਣਾਉਣ ਉਪਰੰਤ ਜੇਕਰ ਕੋਈ ਇਕ ਟੀਮ ਪਿਛੇ ਰਹਿ ਜਾਵੇ ਤਾਂ ਖੇਡ ਚੁੱਕੀਆਂ ਸਾਰੀਆਂ ਟੀਮਾਂ ਦੇ ਨਾਂ ਦੀਆਂ ਦੁਬਾਰਾ ਫਿਰ ਪਰਚੀਆਂ ਪਾਈਆਂ ਜਾਣਗੀਆਂ ਜਿਨ੍ਹਾਂ ਵਿਚੋਂ ਕੋਈ ਇਕ ਪਰਚੀ ਚੁੱਕੀ ਜਾਵੇਗੀ। ਜਿਸ ਟੀਮ ਦੇ ਨਾਂ ਦੀ ਪਰਚੀ ਚੁੱਕੀ ਗਈ, ਉਸ ਟੀਮ ਵਲੋਂ ਪਹਿਲਾਂ ਪ੍ਰਾਪਤ ਕੀਤੇ ਅੰਕ ਜ਼ੀਰੋ ਮੰਨੇ ਜਾਣਗੇ। ਉਹ ਟੀਮ ਨਵੇਂ ਸਿਰੇ ਤੋਂ ਇਕੱਲੀ ਰਹਿ ਗਈ ਟੀਮ ਨਾਲ ਖੇਡ ਕੇ ਜੋ ਅੰਕ ਪ੍ਰਾਪਤ ਕਰੇਗੀ ਉਸ ਟੀਮ ਦੇ ਉਹੋ ਅੰਕ ਫਾਈਨਲ ਮੰਨੇ ਜਾਣਗੇ, ਪਹਿਲਾਂ ਪ੍ਰਾਪਤ ਕੀਤੇ ਅੰਕ ਨਹੀਂ ਮੰਨੇ ਜਾਣਗੇ।*

- ਇਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਦੁਬਾਰਾ ਚੁੱਕੀ ਗਈ ਪਰਚੀ ਵਾਲੀ ਟੀਮ ਹੀ ਇਕੱਲੀ ਰਹਿ ਗਈ ਟੀਮ ਨਾਲ ਦੂਸਰੀ ਵਾਰ ਖੇਡ ਸਕਦੀ ਹੈ। ਹੋਰ ਕਿਸੇ ਟੀਮ ਲਈ ਦੁਬਾਰਾ ਖੇਡਣਾ ਮਨ੍ਹਾਂ ਹੈ।
- ਜਿਹੜੀ ਟੀਮ ਕੋਈ ਅੰਕ ਪ੍ਰਾਪਤ ਨਹੀਂ ਕਰਦੀ ਉਹ ਮੁਕਾਬਲੇ ਤੋਂ ਬਾਹਰ ਮੰਨੀ ਜਾਵੇਗੀ।
- ਅੰਤ ਵਿਚ ਸਾਰੀਆਂ ਟੀਮਾਂ ਆਪਣੇ-ਆਪਣੇ ਅੰਕਾਂ ਅਨੁਸਾਰ ਭਾਵ ਵੱਧ ਅੰਕ ਲੈਣ ਵਾਲੀਆਂ ਟੀਮਾਂ ਹੀ **ਪਹਿਲਾ, ਦੂਜਾ, ਤੀਜਾ ਸਥਾਨ** ਪ੍ਰਾਪਤ ਕਰਨਗੀਆਂ। ਬਰਾਬਰ ਅੰਕਾਂ ਵਾਲੀਆਂ ਟੀਮਾਂ ਵਿਚ ਟਾਈ ਪੈ ਜਾਣ ਦੀ ਸੂਰਤ ਵਿਚ, ਟਾਸ ਨਾਲ ਹਾਰ-ਜਿਤ ਦਾ ਫੈਸਲਾ ਹੋਵੇਗਾ।

## ਰੱਸੀ ਟੱਪਣਾ

ਰੱਸੀ ਟੱਪਣ ਵਾਲੇ ਪ੍ਰਤੀਯੋਗੀਆਂ ਨੂੰ ਮਿਥੇ ਸਮੇਂ ਵਿਚ ਪਹਿਲੇ ਪੰਜ (ਮੌਕੇ) ਫਾਊਲ ਹੀ ਦਿੱਤੇ ਜਾਣਗੇ। ਛੇਵੇਂ ਫਾਊਲ ’ਤੇ ਪ੍ਰਤੀਯੋਗੀ ਨੂੰ ਖੇਡ ਤੋਂ ਬਾਹਰ ਕਰ ਦਿੱਤਾ ਜਾਵੇਗਾ।

**ਲੋਕ ਖੇਡਾਂ ਦੀਆਂ ਆਈਟਮਾਂ ਦੇ ਬਾਕੀ ਨਿਯਮ ‘ਨਵੀਂ ਨਿਯਮਾਂਵਲੀ’ ਵਿਚੋਂ ਦੇਖਣ ਦੀ ਖੇਚਲ ਕਰਨਾ ਜੀ**

ਇੰਚਾਰਜ
ਯੁਵਕ ਭਲਾਈ ਵਿਭਾਗ

ਪ੍ਰਿੰਸੀਪਲ ਸਾਹਿਬਾਨ
ਸਮੂਹ ਕਾਲਜ